# ਪ੍ਰੈਸ ਨੋਟ

ਮਾਨਯੋਗ ਸੀਨੀਅਰ ਪੁਲਿਸ ਕਪਤਾਨ ਸ੍ਰੀ Dhruman H Nimbale, IPS ਜੀ ਦੇ ਦਿਸ਼ਾ ਨਿਰਦੇਸ਼ ਮੁਤਾਬਿਕ ਸ੍ਰੀ ਮੁਖਤਿਆਰ ਰਾਏ ਪੀ.ਪੀ.ਐਸ, ਪੁਲਿਸ ਕਪਤਾਨ/ਤਫਤੀਸ਼ ਹੁਸ਼ਿਆਰਪੁਰ, ਅਤੇ ਸ੍ਰੀ ਪ੍ਰੇਮ ਸਿੰਘ ਪੀ.ਪੀ.ਐੱਸ, ਉਪ-ਕਪਤਾਨ ਪੁਲਿਸ ਸਿਟੀ/ਹੁਸ਼ਿਆਰਪੁਰ ਜੀ ਦੀ ਯੋਗ ਅਗਵਾਈ ਹੇਠ ਥਾਣਾ ਸਦਰ ਹੁਸ਼ਿਆਰਪੁਰ ਦੇ ਐੱਸ.ਆਈ ਸੁਰਜੀਤ ਸਿੰਘ ਪੱਡਾ ਮੁੱਖ ਅਫਸਰ ਥਾਣਾ ਸਦਰ ਹੁਸ਼ਿਆਰਪੁਰ ਦੀ ਹਸਬ ਹਦਾਇਤ ਅਨੁਸਾਰ ਏ.ਐਸ.ਆਈ. ਸੇਵਾ ਦਾਸ ਥਾਣਾ ਸਦਰ ਹੁਸ਼ਿਆਰਪੁਰ ਵਲੋਂ ਮਿਤੀ 26-03-2022 ਨੂੰ ਸਰਿਤਾ ਦੇਵੀ ਪਤਨੀ ਅਤਵਾ ਸਾਹਨੀ ਵਾਸੀ ਝੁਗੀਆਂ, ਊਨਾ ਰੋਡ, ਬਜਵਾੜਾ ਕਲਾਂ ਥਾਣਾ ਸਦਰ, ਹੁਸ਼ਿਆਰਪੁਰ ਨੇ ਬਿਆਨ ਤਹਿਰੀਰ ਕਰਵਾਇਆ ਕਿ "ਉਹ ੮ ਮਹੀਨੇ ਦੀ ਗਰਭਵਤੀ ਸੀ ਮਿਤੀ 20-03-22 ਨੂੰ ਸ਼ਾਮ 4 ਵਜੇ ਉਹ ਆਪਣੀ ਝੁੱਗੀ ਵਿਚ ਬੈਠੀ ਸੀ ਤਾਂ ਬੀਬਾ ਉਰਫ ਬੇਬੀ ਪਤਨੀ ਲਲਨ ਸਾਹਨੀ, ਮਧਿਆ ਉਰਫ ਸੁਮਿਤਰੀ ਦੇਵੀ ਪਤਨੀ ਲੱਲੂ ਸਾਹਨੀ, ਲੇਲਿਨ ਦੀ ਪਤਨੀ ਜਿਸਦਾ ਨਾਮ ਉਹ ਨਹੀ ਜਾਣਦੀ ਵਾਸੀਆਨ ਝੁਗੀਆਂ, ਊਨਾ ਰੋਡ, ਬਜਵਾੜਾ ਕਲਾਂ ਥਾਣਾ ਸਦਰ, ਹੁਸ਼ਿਆਰਪੁਰ ਉਸਦੀ ਝੁਗੀ ਵਿਚ ਆਈਆਂ ਤੇ ਕਹਿਣ ਲੱਗੀਆਂ ਕਿ ਤੇਰੇ ਭਰਾ ਨੇ ਹੋਲੀ ਵਾਲੇ ਦਿਨ ਸਾਡੇ ਨਾਲ ਝਗੜਾ ਕੀਤਾ ਸੀ ਜਿਸ ਦਾ ਤੈਨੂੰ ਅੱਜ ਸਬਕ ਸਿਖਾਉਣਾ ਹੈ ਤੇ ਉਹ ਤਿੰਨੋ ਜਣੀਆਂ ਨੇ ਉਸਦੀ ਕੁੱਟ ਮਾਰ ਕਰਨੀ ਸੁਰੂ ਕਰ ਦਿਤੀ ਤੇ ਥੱਲੇ ਸੁੱਟ ਕੇ ਵਾਲਾ ਤੋ ਫੜਕੇ ਘੜੀਸਿਆ ਤੇ ਉਸਦੇ ਪੇਟ ਵਿੱਚ ਲੱਤਾਂ ਮਾਰੀਆਂ ਤੇ ਰੋਲਾ ਪਾਉਣ ਤੇ ਧਮਕੀਆ ਦਿੰਦੀਆ ਹੋਈਆ ਚਲ ਗਈਆਂ, ਫਿਰ ਉਸਨੇ ਸਿਵਲ ਹਸਪਤਾਲ, ਹੁਸ਼ਿਆਰਪੁਰ ਆਪਣਾ ਇਲਾਜ ਕਰਵਾਇਆ ਜਿਥੇ ਜੇਰੇ ਇਲਾਜ ਉਸਦੇ ਮਰਿਆ ਹੋਇਆ ਬੱਚਾ ਪੈਦਾ ਹੋਇਆ । ਜਿਸ ਦੀ ਇਹਨਾਂ ਦੁਆਰਾ ਉਸਦੇ ਪੇਟ ਵਿਚ ਲੱਤਾਂ ਮਾਰਨ ਕਰਕੇ ਮੌਤ ਹੋਈ ਹੈ" ਜਿਸ ਦੇ ਬਿਆਨ ਦੇ ਆਧਾਰ ਤੇ ਉਪਰੋਕਤ ਜਾਰਬਾਨਾ ਖਿਲਾਫ ਮੁਕੱਦਮਾ ਨੰਬਰ 37 ਮਿਤੀ 26-03-2022 ਅ/ਧ 304,506,34 ਭ:ਦ: ਥਾਣਾ ਸਦਰ ਹੁਸ਼ਿਆਰਪੁਰ ਦਰਜ ਰਜਿਸਟਰ ਕੀਤਾ ਜੋ ਤਫਤੀਸ਼ ਅੱਜ ਆਰੰਭ ਕੀਤੀ ਗਈ ਜੋ ਦੋਰਾਨੇ ਤਫਤੀਸ਼ ਅੱਜ ਮਿਤੀ 27-03-2022 ਨੂੰ ਥਾਣਾ ਸਦਰ ਹੁਸ਼ਿਆਰਪੁਰ ਦੀ ਪੁਲਿਸ ਨੂੰ ਵੱਡੀ ਕਾਮਯਾਬੀ ਪ੍ਰਾਪਤ ਹੋਈ ਜਦ ਦੋਸ਼ਣਾਂ ਬੀਬਾ ਉਰਫ ਬੇਬੀ ਪਤਨੀ ਲਲਨ ਸਾਹਨੀ, ਮਧਿਆ ਉਰਫ ਸੁਮਿਤਰੀ ਦੇਵੀ ਪਤਨੀ ਲੱਲੂ ਸਾਹਨੀ, ਲਲਿਤਾ ਪਤਨੀ ਲਵਲੀਨ ਵਾਸੀਆਨ ਝੁਗੀਆਂ, ਊਨਾ ਰੋਡ, ਬਜਵਾੜਾ ਕਲਾਂ ਥਾਣਾ ਸਦਰ, ਹੁਸ਼ਿਆਰਪੁਰ ਦੀ ਲੁਕਣ ਵਾਲੀ ਵਾਲੀ ਜਗਾ ਦਾ ਪਤਾ ਕਰਕੇ ਜਿਹਨਾ ਨੂੰ ਹਸਬ ਜਾਬਤਾ ਗ੍ਰਿਫਤਾਰ ਕੀਤਾ ਗਿਆ ਹੈ। ਜਿਨਾਂ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿਛ ਕੀਤੀ ਜਾਵੇਗੀ ।